Ontario

ਵਿੱਤ ਮੰਤਰਾਲਾ

## ਜਿਆਦਾ ਮਜ਼ਬੂਤ, ਜਿਆਦਾ ਸਿਹਤਮੰਦ ਓਨਟਾਰਿਓ

2017 ਓਨਟਾਰਿਓ ਬਜਟ



# ਸੰਤੁਲਿਤ ਬਜਟ ਦਾ ਮਾਰਗ

2017 ਦੇ ਸੰਤੁਲਿਤ ਬਜਟ ਦਾ ਮਤਲਬ ਹੈ ਕਿ ਓਨਟਾਰਿਓ ਸੇਵਾਵਾਂ ਵਿੱਚ ਨਿਵੇਸ਼ਾਂ ਵਿੱਚ ਵਾਧਾ ਕਰ ਸਕਦਾ ਹੈ ਅਤੇ ਰੋਜ਼ ਦੇ ਖਰਚਿਆਂ ਜਿਵੇਂ ਕਿ ਬੱਚਿਆਂ ਅਤੇ ਕਿਸ਼ੋਰਾਂ ਵਾਸਤੇ ਮੁਫਤ ਨਿਰਦਿਸ਼ਟ ਦਵਾਈਆਂ, ਘੱਟੇ ਹੋਏ ਬਿਜਲੀ ਦੇ ਬਿਲਾਂ ਅਤੇ ਜਿਆਦਾ ਪੁਜੱਣਯੋਗ ਚਾਇਲਡ ਕੇਅਰ, ਵਿੱਚ ਸਹਾਇਤਾ ਕਰ ਸਕਦਾ ਹੈ।

ਓਨਟਾਰਿਓ 2008-09 ਦੇ ਵਿਸ਼ਵ ਵਿਆਪੀ ਮੰਦਵਾੜੇ ਤੋਂ ਬਾਅਦ ਪਹਿਲੀ ਵਾਰੀ ਬਜਟ ਨੂੰ ਸੰਤੁਲਿਤ ਕਰ ਰਿਹਾ ਹੈ ਅਤੇ ਅਗਲੇ ਦੋ ਸਾਲਾਂ ਲਈ ਇੱਕ ਸੰਤੁਲਿਤ ਬਜਟ ਕਾਇਮ ਰੱਖ ਰਿਹਾ ਹੈ। ਇੱਕ ਸੰਤੁਲਿਤ ਬਜਟ ਦੇ ਨਾਲ ਇੱਕ ਮਜ਼ਬੂਤ ਅਰਥ ਵਿਵਸਥਾ, ਓਨਟਾਰਿਓ ਵਿਚਲੇ ਵਿਅਕਤੀਆਂ ਅਤੇ ਕਾਰੋਬਾਰਾਂ ਲਈ ਅਗੇ ਵੱਧਣ ਅਤੇ ਅਗੇ ਰਹਿਣ ਲਈ ਹੋਰ ਜਿਆਦਾ ਮੌਕੇ ਉਤਪੰਨ ਕਰ ਰਹੀ ਹੈ।

ਇੱਕ ਸੰਤੁਲਿਤ ਬਜਟ ਸਰਕਾਰ ਨੂੰ ਲੋਕਾਂ ਦੀ ਸਹਾਇਤਾ ਕਰਨ ਲਈ ਹੋਰ ਜਿਆਦਾ ਕਰਨ ਵਾਸਤੇ ਆਰਥਿਕ ਲਚਕ ਵੀ ਦਿੰਦਾ ਹੈ। 2017 ਦੇ ਬਜਟ ਲਈ, ਇਸ ਦਾ ਮਤਲਬ ਤਿੰਨ ਸਾਲਾਂ ਦੇ ਦੌਰਾਨ ਸਿਹਤ ਦੇਖਭਾਲ ਵਿੱਚ 11.5 ਬਿਲੀਅਨ ਡਾਲਰ ਅਤੇ ਸਿੱਖਿਆ ਵਿੱਚ 6.4 ਬਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਨਾਲ ਨਾਲ 2016 ਦੇ ਬਜਟ ਵਿੱਚ ਪ੍ਰਕਾਸ਼ਿਤ ਕੀਤੀ ਗਈ 12 ਸਾਲਾ ਬੁਨਿਆਦੀ ਢਾਂਚੇ ਸੰਬੰਧੀ ਯੋਜਨਾ ਵਿੱਚ 30 ਬਿਲੀਅਨ ਡਾਲਰ ਦਾ ਖਰਚ ਸੰਬੰਧੀ ਵਾਧਾ ਹੈ।



ਓਨਟਾਰਿਓ ਨੇ ਲੋਕਾਂ ਦੁਆਰਾ ਸਭ ਤੋਂ ਵੱਧ ਨਿਰਭਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਨਿਵੇਸ਼ ਕਰਦੇ ਹੋਏ 2009 ਵਿੱਚ 19 ਬਿਲੀਅਨ ਡਾਲਰ ਤੋਂ ਵੱਧ ਦੇ ਆਪਣੇ ਘਾਟੇ ਨੂੰ 2017ਖਤਮ ਕਰ ਦਿੱਤਾ।

## ਸੰਤੁਲਿਤ ਬਜਟ



ਓਨਟਾਰਿਓ ਦਾ ਅਸਲ ਜੀਡੀਪੀ (GDP) ਵਾਧਾ, ਸਰਕਾਰ ਦੇ ਯੁੱਧਨੀਤਕ ਨਿਵੇਸ਼ਾਂ ਦੇ ਸਮਰਥਨ ਦੇ ਨਾਲ, ਪਿਛਲੇ ਤਿੰਨ ਸਾਲਾਂ ਦੌਰਾਨ ਸਾਰੇ ਜੀ 7 ਦੇਸ਼ਾਂ ਤੋਂ ਅਗੇ ਵੱਧ ਗਿਆ ਹੈ।

## ਆਰਥਿਕ ਵਾਧੇ ਵਿੱਚ ਲੀਡਰ



ਓਨਟਾਰਿਓ ਦਾ ਕੈਨੇਡਾ ਵਿੱਚ ਪ੍ਰਤੀ ਵਿਅਕਤੀ ਸਭ ਤੋਂ ਘੱਟ ਖਰਚੇ ਵਾਲਾ ਪ੍ਰਾਂਤ ਹੋਣਾ ਜਾਰੀ ਹੈ, ਸਿਹਤ ਦੇਖਭਾਲ ਅਤੇ ਸਿੱਖਿਆ ਵਰਗੀਆਂ ਜਨਤਕ ਸੇਵਾਵਾਂ ਦੀ ਡਲਿਵਰੀ ਨੂੰ ਬਦਲਦੇ ਹੋਏ ਖਰਚੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਦੇ ਹੋਏ।

## ਇੱਕ ਜ਼ਿੰਮੇਵਾਰ ਯੋਜਨਾ

## ਅਸੀਂ ਬਜਟ ਨੂੰ ਕਿਵੇਂ ਸੰਤੁਲਿਤ ਕਰ ਰਹੇ ਹਾਂ

ਓਨਟਾਰਿਓ ਨੇ ਇਹ ਕਰਕੇ ਕਾਰਵਾਈ ਕੀਤੀ ਹੈ:

- ਮਾਮੂਲੀ ਪ੍ਰਭਾਵਸ਼ਾਲੀ ਟੈਕਸ ਰੇਟ ਨੂੰ ਇਕਸਾਰਤਾ ਨਾਲ 2009 ਵਿੱਚ 33% ਤੋਂ 2016 ਵਿੱਚ 16.9% ਤੱਕ ਘਟਾ ਕੇ ਓਨਟਾਰਿਓ ਨੂੰ ਕਾਰੋਬਾਰਾਂ ਦੇ ਨਵੇਂ ਨਿਵੇਸ਼ਾਂ ਲਈ ਟੈਕਸ ਦੇ ਮਾਮਲੇ ਵਿੱਚ ਹੋਰ ਜਿਆਦਾ ਪ੍ਰਤੀਯੋਗੀ ਬਣਾ ਕੇ।
- ਬੁਨਿਆਦੀ ਢਾਂਚੇ ਵਿੱਚ ਇਤਿਹਾਸਕ ਨਿਵੇਸ਼ ਕਰਕੇ, ਜਿਸ ਨੂੰ 2014- 15 ਵਿੱਚ ਸ਼ੁਰੂ ਹੋਈ 13 ਸਾਲਾ ਮਿਆਦ ਦੇ ਦੌਰਾਨ 190 ਬਿਲੀਅਨ ਡਾਲਰ ਤੋਂ ਵੱਧ ਤਜਵੀਜ਼ ਕੀਤਾ ਗਿਆ ਹੈ। ਯੋਜਨਾਬੰਦ ਨਿਵੇਸ਼ਾਂ ਦੀ ਹਰ ਸਾਲ, ਔਸਤਨ 125,000 ਨੌਕਰੀਆਂ ਨੂੰ ਸਹਾਰਾ ਦੇਣ ਦੀ ਆਸ ਕੀਤੀ ਜਾ ਰਹੀ ਹੈ।
- ਛੁਪੀ ਹੋਏ ਅਰਥ ਵਿਵਸਥਾ ਦਾ ਮੁਕਾਬਲਾ ਕਰਕੇ, ਟੈਕਸ ਵਿਵਸਥਾ ਦੀ ਅਖੰਡਤਾ ਨੂੰ ਮਜ਼ਬੂਤ ਕਰਕੇ ਅਤੇ ਯਕੀਨੀ ਬਣਾ ਕੇ ਕਿ ਹਰ ਕੋਈ ਟੈਕਸਾਂ ਦੇ ਆਪਣੇ ਉਚਿਤ ਹਿੱਸੇ ਦਾ ਭੁਗਤਾਨ ਕਰਦਾ ਹੈ।
- ਅਰਥ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਅਤੇ ਬਜਟ ਨੂੰ ਸੰਤੁਲਿਤ ਕਰਨ ਲਈ ਇੱਕ ਵਾਸਤਵਿਕ ਅਤੇ ਜ਼ਿੰਮੇਵਾਰ ਯੋਜਨਾ ਲਾਗੂ ਕਰਕੇ, ਜਿਸ ਦਾ ਨਤੀਜਾ ਪ੍ਰਾਂਤੀਏ ਆਮਦਨੀ ਵਿੱਚ ਵਾਧਾ ਰਿਹਾ ਹੈ।

## ਅਸੀਂ ਬਜਟ ਨੂੰ ਕਿਵੇਂ ਸੰਤੁਲਿਤ ਕਰ ਰਹੇ ਹਾਂ

ਕਰਜ਼ਾ ਮੁੱਖ ਤੌਰ ਤੇ ਦੋ ਕਾਰਨਾਂ ਕਰਕੇ ਉਠਾਇਆ ਜਾਂਦਾ ਹੈ: ਘਾਟੇ ਵਿੱਚ ਪੂੰਜੀ ਲਗਾਉਣ ਲਈ ਅਤੇ ਮੂਲਧਨ ਸੰਪਤੀ ਦਾ ਨਿਰਮਾਣ ਕਰਨ ਵਾਸਤੇ। ਇੱਕ ਸੰਤੁਲਿਤ ਬਜਟ ਦਾ ਮਤਲਬ ਹੈ ਕਿ ਸਰਕਾਰ ਨੂੰ ਹੁਣ ਉਸਦੇ ਉਸ ਨੂੰ ਚਲਾਉਣ ਦੇ ਖਰਚਿਆਂ ਦੇ ਭੁਗਤਾਨ ਲਈ ਕਰਜ਼ਾ ਲੈਣ ਦੀ ਲੋੜ ਨਹੀਂ ਹੈ ਅਤੇ ਉਹ ਆਪਣੀ ਉਧਾਰੀ ਨੂੰ ਮੂਲਧਨ ਨਿਵੇਸ਼ਾਂ ਤੇ ਕੇਂਦਰਿਤ ਕਰ ਸਕਦੀ ਹੈ – ਜੋ ਆਰਥਿਕ ਵਾਧੇ ਨੂੰ ਤੇਜ਼ ਕਰਦੇ ਹਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਅਤੇ ਅੱਜ ਦੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਨੂੰ ਸੁਧਾਰਦੇ ਹਨ।

- ਰੇਟ ਕਰਨ ਵਾਲੀਆਂ ਏਜੰਸੀਆਂ ਅਤੇ ਦੂਸਰੇ ਸੁਤੰਤਰ ਨਰੀਖਕਾਂ ਨੇ ਪਛਾਣ ਕੀਤੀ ਹੈ ਕਿ ਕਨੇਡੀਅਨ ਪ੍ਰਾਂਤਾਂ ਦੀਆਂ ਜੀ 7 ਦੇ ਦੂਸਰੇ ਦੇਸ਼ਾਂ ਦੇ ਉਪਰਾਸ਼ਟਰੀ ਅਧਿਕਾਰ ਖੇਤਰਾਂ ਤੋਂ ਕਿਧਰੇ ਵੱਧ ਜ਼ਿੰਮੇਵਾਰੀਆਂ ਹਨ, ਪਰ ਉਨ੍ਹਾਂ ਕੋਲ ਆਮਦਨੀ ਦੇ ਆਧਾਰਾਂ ਦੀ ਵਿਆਪਕ ਰੇਂਜ ਤੇ ਪੂਰਾ ਕੰਟਰੋਲ ਹੋਣ ਕਰਕੇ ਕਰਜ਼ਾ ਲੈਣ ਦੀ ਕਿਧਰੇ ਵੱਧ ਲਚਕ ਵੀ ਹੈ।
- ਓਨਟਾਰਿਓ ਦਾ ਕਰਜ਼ੇ ਤੋਂ ਜੀ ਡੀ ਪੀ ਦੇ ਅਨੁਪਾਤ ਅਰਥ ਵਿਵਸਥਾ ਕੀ ਉਤਪੰਨ ਕਰਦੀ ਹੈ ਦੀ ਤੁਲਨਾ ਉਸ ਵਲੋਂ ਕੀ ਬਕਾਇਆ ਹੈ ਨਾਲ ਕਰਕੇ ਉਸਦੀ ਕਰਜ਼ਾ ਮੋੜਨ ਦੀ ਕਾਬਲੀਅਤ ਦਾ ਸੰਕੇਤ ਦਿੰਦੀ ਹੈ। ਓਨਟਾਰਿਓ ਦੀ ਅਰਥ ਵਿਵਸਥਾ ਦਾ 2016 ਵਿੱਚ ਲਗਭਗ 800 ਬਿਲੀਅਨ ਡਾਲਰ ਦਾ ਮਾਮੂਲੀ ਜੀਡੀਪੀ ਸੀ।
- ਸੰਤੁਲਿਤ ਬਜਟ ਅਤੇ ਮੂਲਧਨ ਨਿਵੇਸ਼ ਤੇ ਸਰਕਾਰ ਦਾ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਣਾ ਆਰਥਿਕ ਵਾਧੇ ਵਿੱਚ ਇਜ਼ਾਫਾ ਕਰੇਗਾ,ਜਿਸਦਾ ਨਤੀਜਾ ਜੀ ਡੀ ਪੀ ਦਾ ਕਰਜ਼ੇ ਨਾਲੋਂ ਜਿਆਦਾ ਤੇਜ਼ੀ ਨਾਲ ਵੱਧਣਾ ਹੋਏਗਾ, ਜੋ ਕਰਜ਼ੇ ਤੋਂ ਜੀਡੀਪੀ ਦੇ ਅਨੁਪਾਤ ਨੂੰ ਸਰਕਾਰ ਦੇ ਮੰਦਵਾੜੇ ਤੋਂ ਪਹਿਲਾਂ ਦੇ ਸਤਰ 27% ਤੱਕ ਘਟਾਉਣ ਵਿੱਚ ਸਹਾਇਤਾ ਕਰੇਗਾ। 2017 ਦੇ ਸੰਤੁਲਿਤ ਬਜਟ ਵਿੱਚ, ਸਰਕਾਰ ਨੇ 2023-24 ਤੱਕ ਕਰਜ਼ੇ ਤੋਂ ਜੀ ਡੀ ਪੀ ਦੇ ਕੁਲ ਅਨੁਪਾਤ ਨੂੰ 35% ਤੱਕ ਘਟਾਉਣ ਦਾ ਅੰਤਰਿੰਮ ਟੀਚਾ ਤਹਿ ਕਰ ਰਹੀ ਹੈ।

- 2017 ਦਾ ਸੰਤੁਲਿਤ ਬਜਟ ਅਗਲੇ 10 ਸਾਲਾਂ ਦੇ ਦੌਰਾਨ ਸਰਕਾਰ ਦੇ ਧਿਆਨ ਨੂੰ ਬੁਨਿਆਦੀ ਢਾਂਚੇ ਵਿੱਚ ਕੀਤੇ ਜਾਣ ਵਾਲੇ ਨਿਵੇਸ਼ਾਂ ਤੇ ਕੇਂਦਰਿਤ ਕਰਨਾ ਜਾਰੀ ਰੱਖਦਾ ਹੈ, ਜਿਸ ਵਿੱਚ ਸ਼ਾਮਲ ਹੈ:
    - ਨਵੇਂ ਅਤੇ ਨਵੇਂ ਕੀਤੇ ਗਏ ਹਸਪਤਾਲਾਂ ਲਈ 20 ਬਿਲੀਅਨ ਡਾਲਰ
    - ਸਕੂਲਾਂ ਦੇ ਨਿਰਮਾਣ ਅਤੇ ਮੁਰੰਮਤ ਲਈ 16 ਬਿਲੀਅਨ ਡਾਲਰ
    - ਟ੍ਰਾਂਜ਼ਿਟ ਅਤੇ ਢੋਆ-ਢੁਆਈ ਸੰਬੰਧੀ ਬੁਨਿਆਦੀ ਢਾਂਚੇ ਲਈ 84 ਬਿਲੀਅਨ
- ਸੰਤੁਲਿਤ ਬਜਟ ਦੇ ਨਾਲ, ਜਿਆਦਾ ਆਮਦਨੀ ਸਿਹਤ ਦੇਖਭਾਲ ਅਤੇ ਸਿੱਖਿਆ ਵਰਗੀਆਂ ਪ੍ਰਾਥਮਿਕਤਾਵਾਂ ਤੇ ਖਰਚ ਕੀਤੀ ਜਾ ਸਕਦੀ ਹੈ ਅਤੇ ਵਿਆਜ ਤੇ ਘੱਟ। ਸਰਕਾਰ ਨੇ ਇਤਿਹਾਸਿਕ ਤੌਰ ਤੇ ਘੱਟ ਵਿਆਜ ਦੇ ਰੇਟ ਲੌਕ ਇੰਨ ਕੀਤੇ ਹਨ, ਜੋ ਉਸ ਨੂੰ ਕਰਜ਼ੇ ਦਾ ਪ੍ਰਬੰਧ ਅਤਿ ਲਾਭਕਾਰੀ ਢੰਗ ਨਾਲ ਕਰਨ ਅਤੇ ਪੈਸੇ ਨੂੰ ਮੁੜ ਕੇ ਲਗਾਉਣ ਦੇ ਜੋਖਮਾਂ ਨੂੰ ਘਟਾਉਣ ਦੀ ਕਾਬਲੀਅਤ ਦਿੰਦਾ ਹੈ।
- 2010 ਦੇ ਬਜਟ ਨੇ ਪੂਰਵ- ਅਨੁਮਾਨ ਲਗਾਇਆ ਸੀ ਕਿ, 2017- 18 ਤੱਕ ਪ੍ਰਾਂਤ ਨੂੰ ਆਮਦਨੀ ਵਿੱਚ ਪ੍ਰਾਪਤ ਹੋਣ ਵਾਲੇ ਹਰ ਡਾਲਰ ਵਿੱਚੋਂ 11.3 ਸੈਂਟ ਵਿਆਜ ਤੇ ਖਰਚ ਕਰਨੇ ਪੈਣਗੇ। ਵਰਤਮਾਨ ਪੂਰਵ - ਅਨੁਮਾਨ ਆਮਦਨੀ ਦੇ ਹਰ ਡਾਲਰ ਲਈ 8.2 ਸੈਂਟ ਦੇ ਵਿਆਜ ਸੰਬੰਧੀ ਖਰਚੇ ਦੇ ਨਾਲ,3.1 ਸੈਂਟ ਘੱਟ ਹੈ। ਅਨੁਪਾਤ ਪਿਛਲੇ 25 ਸਾਲਾਂ ਵਿੱਚ ਰਹੇ ਅਨੁਪਾਤ ਨਾਲੋਂ ਘੱਟ ਹੈ ਅਤੇ ਉਸ ਦਾ 2019- 20 ਦੇ ਸੰਭਾਵਨਾ ਪੀਰੀਅਡ ਦੇ ਦੌਰਾਨ ਇਸ ਤੋਂ ਵੀ ਘੱਟ ਰਹਿਣ ਦਾ ਪੂਰਵ –ਅਨੁਮਾਨ ਹੈ।

## ਸੁਤੰਲਨ ਤੋਂ ਬਾਅਦ ਕਰਜ਼ੇ ਵਿੱਚ ਕੁਲ ਵਾਧਾ ਕੇਵਲ ਮੂਲਧਨ ਸੰਪਤੀ ਲਈ ਦੇਣਯੋਗ ਹੈ




ਨੋਟ: 2015 -16 ਦੇ ਅਸਲਾਂ ਨੂੰ *2016 ਬਜਟ* ਦੇ ਸਮਾਨ ਅਤੇ *2016-17 ਥਰਡ ਕੁਆਰਟਰ ਫਾਈਨੈਂਸਿਜ਼* ਵਿੱਚ ਵਰਨਿਤ ਅਨੁਸਾਰ ਓਨਟਾਰਿਓ ਪਬਲਿਕ ਸੁਰਵਿਸ ਏਮਪਲੋਇਜ਼ ਯੂਨੀਅਨ ਅਤੇ ਓਨਟਾਰਿਓ ਟੀਚਰਜ਼ ਪੈਨਸ਼ਨ ਪਲੈਨ ਦੇ ਲਈ ਪ੍ਰਾਂਤ ਦੀਆਂ ਵਿੱਤੀ ਸਟੇਟਮੈਂਟਾਂ ਤੇ ਮਿਲਕੇ ਸਪਾਂਸਰ ਕੀਤੇ ਜਾਣ ਵਾਲੀ ਕੁਲ ਪੈਨਸ਼ਨ ਸੰਪਤੀ ਨੂੰ ਦਰਸ਼ਾਉਣ ਲਈ ਮੁੜ ਕੇ ਦਿੱਤਾ ਗਿਆ ਹੈ। ਸ੍ਰੋਤ: *ਓਨਟਾਰਿਓ ਫਾਈਨੈਂਸਿੰਗ ਅਥਾਰਿਟੀ*